**Press Note**

**JAGAT GURU NANAK DEV**
**PUNJAB STATE OPEN UNIVERSITY PATIALA**
(Established by Act No.19 of 2019 of Legislature of the State of Punjab)

PSOU/PRO/2025/212

Date: 17 December 2025

### ਓਪਨ ਯੂਨੀਵਰਸਿਟੀ ਵੱਲੋਂ ਜ਼ਿਲ੍ਹਾ ਮਾਨਸਾ ਦੇ ਅਕਾਦਮਿਕ ਕੌਂਸਲਰਾਂ ਲਈ ਇਕ ਰੋਜ਼ਾ ਵਰਕਸ਼ਾਪ ਆਯੋਜਿਤ

**17 ਦਸੰਬਰ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ (JGND PSOU), ਪਟਿਆਲਾ ਵੱਲੋਂ ਜ਼ਿਲ੍ਹਾ ਮਾਨਸਾ ਦੇ ਕੈਰੀਅਰ ਗਾਈਡੈਂਸ ਕਾਉਸਲਰਾਂ ਇਕ ਇਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਇਹ ਵਰਕਸ਼ਾਪ ਪ੍ਰੋ. (ਡਾ.) ਰਤਨ ਸਿੰਘ, ਵਾਈਸ ਚਾਂਸਲਰ ਦੀ ਯੋਗ ਅਗਵਾਈ ਵਿੱਚ ਕੀਤੀ ਗਈ। ਇਸ ਵਰਕਸ਼ਾਪ ਦੀ ਪ੍ਰਧਾਨਗੀ ਡਾ. ਪਰਮਜੀਤ ਸਿੰਘ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੇ ਭਵਿੱਖ ਦੀ ਨਿਰਮਾਣ ਪ੍ਰਕਿਰਿਆ ਵਿੱਚ ਕਰੀਅਰ ਗਾਈਡੈਂਸ ਅਧਿਆਪਕਾਂ ਦੀ ਮਹੱਤਵਪੂਰਨ ਭੂਮਿਕਾ ਉਤੇ ਰੌਸ਼ਨੀ ਪਾਈ ਅਤੇ ਬਦਲਦੇ ਸਿੱਖਿਆ ਪਰਿਵੇਸ਼ ਵਿੱਚ ਲਗਾਤਾਰ ਹੁੰਨਰ ਵਿਕਸਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਇਸ ਪ੍ਰੋਗਰਾਮ ਵਿੱਚ ਮਾਨਸਾ ਦੇ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਨੇ ਯੂਨੀਵਰਸਿਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਓਪਨ ਡਿਸਟੈਂਸ ਲਰਨਿੰਗ ਵਿਦਿਆਰਥੀਆਂ ਨੂੰ ਪੜ੍ਹਨ ਲਈ ਪ੍ਰੇਰਿਆ ।

ਯੂਨੀਵਰਸਿਟੀ ਵੱਲੋਂ ਡਾ. ਕਰਨ ਸੁਖੀਜਾ, ਡਾਇਰੈਕਟਰ, ਪਲਾਨਿੰਗ ਅਤੇ ਡਿਵੈਲਪਮੈਂਟ ਸੈੱਲ, ਡਾ. ਧਰਮਿੰਦਰ ਸਿੰਘ ਰੀਜਨਲ ਡਾਇਰੈਕਟਰ, ਮਾਨਸਾ, ਡਾ. ਸ਼ੇਫਾਲੀ ਬੇਦੀ, ਰੀਜਨਲ ਡਾਇਰੈਕਟਰ, ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਨੇ ਸੰਬੋਧਨ ਕੀਤਾ। ਇਨਲਾਈਟਨ ਗਰੁੱਪ ਆਫ ਕਾਲਜਿਜ਼ ਝੁਨੀਰ, ਮਾਨਸਾ ਦੇ ਚੇਅਰਮੈਨ ਸ. ਸੱਤਪਾਲ ਸਿੰਘ ਨੇ ਮਹਿਮਾਨਾਂ ਅਤੇ ਭਾਗੀਦਾਰਾਂ ਦਾ ਸਵਾਗਤ ਕੀਤਾ ਅਤੇ ਸਕੂਲ ਅਧਿਆਪਕਾਂ ਦੀ ਕੌਂਸਲਿੰਗ ਸਮਰਥਾ ਨੂੰ ਮਜ਼ਬੂਤ ਕਰਨ ਲਈ ਓਪਨ ਯੂਨੀਵਰਸਿਟੀ ਦੀ ਇਸ ਪਹਿਲ ਦੀ ਪ੍ਰਸ਼ੰਸਾ ਕੀਤੀ।

ਡਾ. ਕਰਨ ਸੁਖੀਜਾ ਨੇ ਯੂਨੀਵਰਸਿਟੀ ਦੀ ਕਾਰਜਸ਼ੈਲੀ ਅਤੇ ਯੂਨੀਵਰਸਿਟੀ ਵਿੱਚ ਚੱਲ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਡਾ. ਧਰਮਿੰਦਰ ਸਿੰਘ ਨੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਸਬੰਧੀ ਸਵਾਲਾਂ ਦੇ ਜਵਾਬ ਦਿੱਤੇ ਅਤੇ ਡਾ. ਸ਼ੇਫਾਲੀ ਬੇਦੀ ਨੇ ਵਿਦਿਆਰਥੀਆਂ ਨੂੰ ਇਸ ਓਪਨ ਸਿੱਖਿਆ ਪ੍ਰਣਾਲੀ ਦਾ ਫਾਇਦਾ ਉਠਾਉਣ ਲਈ ਪ੍ਰੇਰਿਆ। ਵਰਕਸ਼ਾਪ ਦੌਰਾਨ ਸੈਸ਼ਨਾਂ ਦਾ ਕੇਂਦਰੀ ਧਿਆਨ ਕੌਂਸਲਰਾਂ ਦੀਆਂ ਸਮਰਥਾਵਾਂ ਨੂੰ ਮਜ਼ਬੂਤ ਕਰਨਾ ਸੀ ਤਾਂ ਕਿ ਉਹ ਵਿਦਿਆਰਥੀਆਂ ਨੂੰ ਅਕਾਦਮਿਕ ਅਗਵਾਈ, ਹੁਨਰ ਵਿਕਾਸ ਅਤੇ ਕਰੀਅਰ ਸੰਬੰਧੀ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਮਾਰਗਦਰਸ਼ਨ ਕਰ ਸਕਣ।

17/12/25

ਡਾਇਰੈਕਟਰ
ਲੋਕ ਸੰਪਰਕ

Director-Public Relations Cell
Jagat Guru Nanak Dev
Punjab State Open University
Patiala – 147001(PB) INDIA

## Photos





## Links

https://www.facebook.com/61550941991641/posts/122306130008031399/?mibextid=rS40aB7S9Ucbxw6v

https://www.instagram.com/p/DSXG-GZD548/?igsh=bXV4NWppbGRhemd0